2021 'ਚ ਭਾਰਤ ਨੇ ਰੀਸਾਈਕਲ ਕੀਤਾ 75 ਟਨ ਸੋਨਾ, ਅਮਰੀਕਾ ਤੋਂ ਬਾਅਦ ਚੌਥੇ ਸਥਾਨ 'ਤੇ

ਨਵੀਂ ਦਿੱਲੀ, 22 ਜੂਨ : ਮਹਾਮਾਰੀ ਤੋਂ ਪ੍ਰਭਾਵਤ ਸਾਲ 2021 'ਚ ਭਾਰਤ ਨੇ ਕੁਲ 75 ਟਨ ਸੋਨਾ ਰੀਸਾਈਕਲ ਕੀਤਾ ਹੈ। ਵਿਸ਼ਲ ਗੋਲਡ ਪਰਿਸ਼ਦ (ਡਬਲਯੂ. ਜੀ. ਸੀ.) ਨੇ ਜਾਰੀ ਇਕ ਰਿਪੋਰਟ 'ਚ ਦਸਿਆ ਕਿ ਭਾਰਤ ਸੋਨਾ ਰੀਸਾਈਕਲ ਕਰਨ ਦੇ ਮਾਮਲੇ 'ਚ ਚੌਥੇ ਸਥਾਨ 'ਤੇ ਆ ਗਿਆ ਹੈ। ਡਬਲਿਊ. ਜੀ. ਸੀ. ਮੁਤਾਬਕ ਬੀਤੇ ਸਾਲ ਗੋਲਡ ਰਿਫ਼ਾਈਨਿੰਗ ਤੇ ਰੀਸਾਈਕਲਿੰਗ 'ਚ ਸੱਭ ਤੋਂ ਅੱਗੇ ਚੀਨ ਰਿਹਾ, ਜਿਸ ਨੇ ਕੁਲ 168 ਟਨ ਸੋਨੇ ਦਾ ਇਸਤੇਮਾਲ ਕੀਤਾ। ਦੂਜੇ ਸਥਾਨ 'ਤੇ ਇਟਲੀ ਅਤੇ ਤੀਜੇ ਸਥਾਨ 'ਤੇ ਅਮਰੀਕਾ ਰਿਹਾ। ਇਟਲੀ ਨੇ ਸਾਲ 2021 'ਚ 80 ਟਨ ਤੇ ਅਮਰੀਕਾ ਨੇ 78 ਟਨ ਸੋਨਾ ਰੀਸਾਈਕਲ ਕੀਤਾ।

ਭਾਰਤ ਨੇ ਗੋਲਡ ਰੀਸਾਈਕਲਿੰਗ ਤੇ ਰਿਫ਼ਾਈਨਿੰਗ 'ਚ ਕਾਫ਼ੀ ਤੇਜ਼ ਛਾਲ ਲਗਾਈ ਹੈ। 2013 'ਚ ਜਿੱਥੇ ਭਾਰਤ ਦੀ ਸਮਰਥਾ ਸਿਰਫ਼ 300 ਟਨ ਦੀ ਸੀ, ਉੱਥੇ ਹੀ ਹੁਣ ਇਹ ਵਧ ਕੇ 1500 ਟਨ ਪਹੁੰਚ ਗਈ ਹੈ। ਯਾਨੀ ਸਾਡੀ ਰਿਫ਼ਾਈਨਰੀ ਸਮਰਥਾ 'ਚ ਇਕ ਦਹਾਕੇ 'ਚ ਤਿੰਨ ਗੁਣਾ ਦਾ ਵਾਧਾ ਹੋਇਆ ਹੈ।

ਸਰਕਾਰ ਵਲੋਂ ਨਿਯਮ ਸਖ਼ਤ ਕੀਤੇ ਜਾਣ ਤੋਂ ਬਾਅਦ ਗੋਲਡ ਦੀ ਰਿਫ਼ਾਈਨਿੰਗ ਜ਼ਿਆਦਾ ਬਿਹਤਰ ਤਰੀਕੇ ਨਾਲ ਹੋਣ ਲੱਗੀ ਹੈ। ਇਸ 'ਚ ਫ਼ਾਰਮਲ ਸੈਕਟਰ ਦੀ ਗਿਣਤੀ ਬੀਤੇ ਸਾਲ 33 ਪਹੁੰਚ ਗਈ ਹੈ ਜੋ ਸਾਲ 2013 'ਚ ਸਿਰਫ਼ 5 ਸੀ।

ਇਨਫ਼ਾਰਮਲ ਸੈਕਟਰ ਦੀ ਹਿੱਸੇਦਾਰੀ ਫਿਲਹਾਲ 300 ਤੋਂ 500 ਟਨ ਹੈ। ਉਂਜ ਤਾਂ ਇਹ ਕਾਫ਼ੀ ਜ਼ਿਆਦਾ ਹੈ ਪਰ ਪਹਿਲਾਂ ਦੀ ਸਥਿਤੀ ਨੂੰ ਦੇਖਿਆ ਜਾਵੇ ਤਾਂ ਪ੍ਰਦੂਸ਼ਣ ਨਿਯਮਾਂ ਦੇ ਸਖ਼ਤ ਕੀਤੇ ਜਾਣ ਤੋਂ ਬਾਅਦ ਸੋਨੇ ਦਾ ਨਾਜਾਇਜ਼ ਵਪਾਰ ਕਾਫ਼ੀ ਰੁਕ ਗਿਆ ਹੈ ਭਾਰਤੀ ਗੋਲਡ ਰਿਫ਼ਾਈਨਿੰਗ ਖੇਤਰ ਨੂੰ ਮਜ਼ਬੂਤੀ ਦੇਣ 'ਚ ਟੈਕਸ ਦੇ ਬਿਹਤਰ ਢਾਂਚੇ ਦਾ ਵੀ ਅਹਿਮ ਯੋਗਦਾਨ ਹੈ।

ਸਰਕਾਰ ਨੇ ਕੱਚੇ ਸੋਨੇ 'ਤੇ ਇੰਪੋਰਟ ਡਿਊਟੀ ਰਿਫ਼ਾਇੰਡ ਸੋਨੇ ਤੋਂ ਵੱਖ ਬਣਾ ਦਿਤੀ ਹੈ। ਇਸ ਤੋਂ ਬਾਅਦ ਰਿਫ਼ਾਇੰਡ ਸੋਨੇ ਦੀ ਐਕਸਪੋਰਟ ਹੋਰ ਵਧ ਗਈ ਹੈ। ਇਸ ਮੰਗ ਦੀ ਸਪਲਾਈ ਲਈ ਕੱਚੇ ਸੋਨੇ ਦੀ ਇੰਪੋਰਟ 'ਚ ਵੀ ਤੇਜ਼ੀ ਆਈ ਹੈ। 2013 'ਚ ਜਿਥੇ ਭਾਰਤ ਦੀ ਕੁੱਲ ਐਕਸਪੋਰਟ 'ਚ ਕੱਚੇ ਸੋਨੇ ਦੀ ਹਿੱਸੇਦਾਰੀ 7 ਫ਼ੀ ਸਦੀ ਸੀ, ਉਥੇ ਹੀ ਹੁਣ ਇਹ ਵਧ ਕੇ 22 ਫ਼ੀ ਸਦੀ ਪਹੁੰਚ ਗਈ ਹੈ। ਡਬਲਿਊ. ਜੀ. ਸੀ. ਦੇ ਖੇਤਰੀ ਸੀ. ਈ. ਓ. (ਭਾਰਤ) ਸੋਮਾਸੁੰਦਰਮ ਪੀ.ਆਰ. ਨੇ ਕਿਹਾ ਕਿ ਭਾਰਤ ਅਪਣੇ ਬੁਲੀਅਨ ਖੇਤਰ 'ਚ ਤਾਜ਼ਾ ਸੁਧਾਰਾਂ ਨੂੰ ਲਾਗੂ ਕਰੇ ਤਾਂ ਰਿਫ਼ਾਈਨਿੰਗ ਖੇਤਰ 'ਚ ਕਿਤੇ ਅੱਗੇ ਨਿਕਲ ਸਕਦਾ ਹੈ।

ਗੋਲਡ ਮੋਨੇਟਾਈਜੇਸ਼ਨ ਸਕੀਮ ਰਾਹੀਂ ਸਰਪਲੱਸ ਗੋਲਡ ਨੂੰ ਬਾਜ਼ਾਰ 'ਚ ਲਿਆਂਦੇ ਜਾਣ ਦੀ ਲੋੜ ਹੈ। ਇਸ ਨਾਲ ਬਾਜ਼ਾਰ 'ਚ ਸੋਨਾ ਸਸਤਾ ਹੋਵੇਗਾ ਤੇ ਇਸ ਦੀ ਮੰਗ ਵਧੇਗੀ। ਇਸ ਤਰ੍ਹਾਂ ਰਿਫ਼ਾਈਨਿੰਗ ਦੀ ਸਮਰਥਾ 'ਚ ਵੀ ਵਿਸਤਾਰ ਹੋਵੇਗਾ।

ਰਿਪੋਰਟ 'ਚ ਇਹ ਵੀ ਕਿਹਾ ਗਿਆ ਕਿ ਭਾਵੇਂ ਭਾਰਤ ਗੋਲਡ ਰੀਸਾਈਕਲਿੰਗ 'ਚ ਚੌਥੇ ਸਥਾਨ 'ਤੇ ਪਹੁੰਚ ਗਿਆ ਹੈ ਪਰ ਇੱਥੇ ਸਿਰਫ਼ 8 ਫ਼ੀ ਸਦੀ ਘਰੇਲੂ ਸੋਨੇ ਦੀ ਰੀਸਾਈਕਲਿੰਗ ਹੁੰਦੀ ਹੈ। ਬਾਕੀ ਸੋਨਾ ਇੰਪੋਰਟ ਰਾਹੀਂ ਬਾਹਰ ਤੋਂ ਆਉਂਦਾ ਹੈ। **(ਏਜੰਸੀ)**

105 ਸਾਲ ਦੀ ਰਾਮਬਾਈ ਨੇ ਮਾਨ ਕੌਰ ਦਾ ਤੋੜਿਆ ਰਿਕਾਰਡ

ਨਵੀਂ ਦਿੱਲੀ, 22 ਜੂਨ : ਜੇਕਰ ਹੌਂਸਲਾ ਬੁਲੰਦ ਹੋਵੇ ਤੇ ਕੁੱਝ ਕਰਨ ਦਾ ਜਨੂੰਨ ਹੋਵੇ ਤਾਂ ਉਮਰ ਕੋਈ ਰੁਕਾਵਟ ਨਹੀਂ ਬਣਦੀ ਅਤੇ ਹਰਿਆਣਾ ਦੀ 105 ਸਾਲਾ ਦੌੜਾਕ ਰਾਮਬਾਈ ਨੇ 100 ਅਤੇ 200 ਮੀਟਰ ਦੇ ਰਾਸ਼ਟਰੀ ਪੱਧਰ ਦੇ ਮੁਕਾਬਲਿਆਂ 'ਚ ਸੋਨ ਤਮਗ਼ਾ ਜਿੱਤ ਕੇ ਇਸ ਨੂੰ ਸਹੀ ਸਾਬਤ ਕਰ ਦਿਤਾ ਹੈ। ਚਰਖੀ ਦਾਦਰੀ ਜ਼ਿਲ੍ਹੇ ਦੇ ਕਦਮਾ ਪਿੰਡ ਦੀ ਰਾਮਬਾਈ ਨੇ ਵਡੋਦਰਾ 'ਚ ਆਯੋਜਤ ਰਾਸ਼ਟਰੀ ਓਪਨ ਮਾਸਟਰਜ਼ ਐਥਲੈਟਿਕਸ ਚੈਂਪੀਅਨਸ਼ਿਪ ਦੇ ਸ਼ੁਰੂਆਤੀ ਦਿਨ 100 ਤੇ 200 ਮੀਟਰ ਦੌੜ 'ਚ ਸੋਨ ਤਮਗ਼ਾ ਜਿੱਤ ਕੇ ਨਵਾਂ ਰਿਕਾਰਡ ਸਥਾਪਤ ਕਰਨ ਦੇ ਨਾਲ ਅਪਣੀ ਉਮਰ ਨੂੰ ਬੌਣਾ ਸਾਬਤ ਕੀਤਾ।

ਉਨ੍ਹਾਂ ਇਸ ਦੇ ਨਾਲ ਹੀ ਮਰਹੂਮ ਮਾਨ ਕੌਰ ਦੇ ਰਿਕਾਰਡ ਵੀ ਤੋੜ ਦਿਤਾ, ਜਿਨ੍ਹਾਂ ਨੇ 101 ਸਾਲ ਦੀ ਉਮਰ 'ਚ ਅਜਿਹੀ ਦੌੜ 'ਚ ਹਿੱਸਾ ਲਿਆ ਸੀ। ਇਸ ਪ੍ਰਾਪਤੀ ਤੋਂ ਬਾਅਦ ਰਾਮਬਾਈ ਨੇ ਕਿਹਾ, 'ਹੁਣ ਮੈਨੂੰ ਕੋਈ ਨਹੀਂ ਰੋਕ ਸਕਦਾ।' ਇਸ

ਮੁਕਾਬਲੇ 'ਚ ਸਭ ਦੀਆਂ ਨਜ਼ਰਾਂ ਰਾਮਬਾਈ 'ਤੇ ਟਿਕੀਆਂ ਹੋਈਆਂ ਸਨ ਤੇ ਉਨ੍ਹਾਂ 100 ਮੀਟਰ ਦੀ ਦੌੜ 45.40 ਸਕਿੰਟ 'ਚ ਤੇ 200 ਮੀਟਰ ਦੀ ਦੌੜ 1 ਮਿੰਟ 52.17 ਸੈਕਿੰਟਾਂ 'ਚ ਪੂਰੀ ਕਰ ਕੇ 'ਗੋਲਡਨ ਡਬਲ' ਹਾਸਲ ਕੀਤਾ।

ਉਨ੍ਹਾਂ ਤੋਂ ਪਹਿਲਾਂ ਮਾਨ ਕੌਰ ਨੇ 2017 'ਚ 101 ਸਾਲ ਦੀ ਉਮਰ 'ਚ 100 ਮੀਟਰ ਦੀ ਦੌੜ 74 ਸਕਿੰਟਾਂ 'ਚ ਪੂਰੀ ਕੀਤੀ ਸੀ। ਰਾਮਬਾਈ ਨੇ ਕਿਹਾ, 'ਮੈਂ ਬਹੁਤ ਖ਼ੁਸ਼ ਹਾਂ। ਇਹ ਇੱਕ ਦੁਰਲੱਭ ਅਹਿਸਾਸ ਹੈ।' ਇਸ ਉਮਰ 'ਚ ਵੀ ਖ਼ੁਦ ਨੂੰ ਫਿੱਟ ਰੱਖਣ ਬਾਰੇ ਪੁਛੇ ਜਾਣ 'ਤੇ ਉਨ੍ਹਾਂ ਕਿਹਾ, 'ਮੈਂ ਹਰ ਰੋਜ਼ ਸਵੇਰੇ ਜਲਦੀ ਉਠ ਕੇ ਜੌਗਿੰਗ ਲਈ ਜਾਂਦੀ ਹਾਂ। ਘਰ ਦੇ ਸਾਰੇ ਕੰਮ ਮੈਂ ਆਪ ਕਰਦੀ ਹਾਂ। ਮੈਂ ਖੇਤਾਂ 'ਚ ਵੀ ਰੋਜ਼ ਕੰਮ ਕਰਦੀ ਹਾਂ।" ਰਾਮਬਾਈ ਦਾ ਜਨਮ 1917 'ਚ ਹੋਇਆ ਸੀ, ਜਦੋਂ ਪਹਿਲਾ ਵਿਸ਼ਵ ਯੁੱਧ ਅਪਣੇ ਸਿਖਰ 'ਤੇ ਸੀ ਤੇ ਭਾਰਤ 'ਤੇ ਜਾਰਜ (ਮਹਾਰਾਣੀ ਐਲਿਜ਼ਾਬੈਥੀ ਦੇ ਦਾਦਾ) ਦਾ ਰਾਜ ਸੀ।

ਰਾਮਬਾਈ ਨੇ ਸਿਰਫ਼ ਇਕ ਸਾਲ ਪਹਿਲਾਂ ਹੀ ਦੌੜਨਾ ਸ਼ੁਰੂ ਕੀਤਾ ਹੈ ਤੇ ਕਿਹਾ, 'ਮੇਰਾ ਇਹ ਪ੍ਰਦਰਸ਼ਨ ਮੈਨੂੰ ਬਿਹਤਰ ਕਰਨ ਲਈ ਪ੍ਰੇਰਿਤ ਕਰੇਗਾ।' ਉਨ੍ਹਾਂ ਹਸਦਿਆਂ ਕਿਹਾ, 'ਹੁਣ ਮੈਨੂੰ ਕੋਈ ਨਹੀਂ ਰੋਕ ਸਕਦਾ। ਮੈਨੂੰ ਖ਼ੁਦ 'ਤੇ ਵਿਸ਼ਵਾਸ ਹੈ। ਹੁਣ ਮੈਂ ਵਿਦੇਸ਼ਾਂ 'ਚ ਹੋਣ ਵਾਲੇ ਮੁਕਾਬਲਿਆਂ ਵਿਚ ਹਿੱਸਾ ਲੈਣਾ ਚਾਹੁੰਦੀ ਹਾਂ।' ਰਾਮਬਾਈ ਦੀ ਪੋਤੀ ਸ਼ਰਮੀਲਾ ਸਾਂਗਵਾਨ ਨੇ ਕਿਹਾ ਕਿ ਇਸ ਮੁਕਾਬਲੇ 'ਚ ਉਨ੍ਹਾਂ ਦੀ ਦਾਦੀ ਦੇ ਬਾਅਦ ਦੂਜੇ ਸੱਭ ਤੋਂ ਵੱਡੇ ਦੌੜਾਕ ਦੀ ਉਮਰ 84 ਸਾਲ ਹੈ। **(ਏਜੰਸੀ)**

76 ਸਾਲ ਦੀ ਬੀਬੀ ਨੇ 60 ਕਿਲੋਗ੍ਰਾਮ ਭਾਰ ਚੁਕ ਕੇ ਕੀਤਾ ਸਾਰਿਆਂ ਨੂੰ ਹੈਰਾਨ

ਲੰਡਨ, 22 ਜੂਨ : ਹੁਨਰ ਉਮਰ ਦਾ ਮੁਥਾਜ ਨਹੀਂ ਹੁੰਦਾ, ਇਸ ਗੱਲ ਨੂੰ ਇਕ 76 ਸਾਲ ਦੀ ਬੀਬੀ ਨੇ ਸਹੀ ਸਾਬਤ ਕਰ ਦਿਤਾ ਹੈ। ਇਸ ਬੀਬੀ ਦਾ ਨਾਮ ਪੈਟ ਰੀਵਸ ਹੈ ਜਿਸ ਨੇ 60 ਕਿਲੋਗ੍ਰਾਮ ਦਾ ਭਰ ਚੁਕ ਕੇ ਸਾਰੀ ਦੁਨੀਆਂ ਨੂੰ ਹੈਰਾਨੀ ਵਿਚ ਪਾ ਦਿਤਾ ਹੈ। ਇੰਨਾ ਹੀ ਨਹੀਂ, ਪੈਟ ਤਿੰਨ ਵਾਰ ਮੌਤ ਦੇ ਮੂੰਹ ਵਿਚੋਂ ਬਚ ਕੇ ਨਿਕਲੇ ਹਨ। ਜਾਣਕਾਰੀ ਅਨੁਸਾਰ ਇਹ ਸੁਪਰਫਿੱਟ ਦਾਦੀ 2 ਵਾਰ ਕੈਂਸਰ ਨੂੰ ਮਾਤ ਦੇ ਕੇ ਐਥਲੀਟ ਬਣੇ ਅਤੇ ਕਈ ਰਿਕਾਰਡ ਅਪਣੇ ਨਾਮ ਕੀਤੇ। 2005 ਵਿਚ ਬ੍ਰਿਟਿਸ਼ ਡਰੱਗ ਫ਼ਰੀ ਪਾਵਰ ਲਿਫ਼ਟਿੰਗ ਐਸੋਸੀਏਸ਼ਨ ਵਿਚ ਸ਼ਾਮਲ ਹੋਣ ਤੋਂ ਬਾਅਦ ਪੈਟ ਨੇ ਲਗਭਗ 200 ਰਿਕਾਰਡ ਤੋੜੇ ਹਨ ਅਤੇ 135 ਕਿਲੋਗ੍ਰਾਮ ਤਕ ਭਾਰ ਚੁਕ ਸਕਦੀ ਹੈ। ਦੱਸ ਦਈਏ ਕਿ ਪੈਟ ਰੀਵਸ ਨੂੰ 36 ਸਾਲ ਦੀ ਉਮਰ ਵਿਚ ਪਹਿਲੀ ਵਾਰ ਬ੍ਰੇਨ ਟਿਊਮਰ

ਦਾ ਪਤਾ ਲੱਗਾ ਸੀ ਪਰ ਹਿੰਮਤ ਹਾਰਨ ਦੀ ਬਜਾਏ ਉਨ੍ਹਾਂ ਨੇ ਵੇਟ ਲਿਫ਼ਟਿੰਗ ਸ਼ੁਰੂ ਕਰ ਦਿਤੀ। ਜਿੰਮ ਵਿਚ ਪਸੀਨਾ ਵਹਾਇਆ ਅਤੇ ਮੌਤ ਨੂੰ ਮਾਤ ਦਿਤੀ ਪਰ ਉਸ ਨੂੰ ਦੁਬਾਰਾ ਫਿਰ ਕੈਂਸਰ ਦਾ ਸਾਹਮਣਾ ਕਰਨਾ ਪਿਆ। 1982 ਤੋਂ ਬਾਅਦ ਹੁਣ ਤਕ 2 ਵਾਰ ਕੈਂਸਰ ਵਰਗੀ ਜਾਨਲੇਵਾ ਬੀਮਾਰੀ ਦਾ ਸ਼ਿਕਾਰ ਹੋਈ ਪੈਟ ਖ਼ੁਦ ਨੂੰ ਮਜ਼ਬੂਤ ਬਣਾਈ ਰੱਖਣ ਲਈ ਪਾਵਰ ਲਿਫ਼ਟਿੰਗ ਅਤੇ ਮੈਰਾਥਨ ਵਿਚ ਇੰਨੀ ਐਕਟਿਵ ਹੋ ਗਈ ਕਿ ਅੱਜ 200 ਤੋਂ ਜ਼ਿਆਦਾ ਰਿਕਾਰਡ ਤੋੜ ਚੁਕੀ ਹੈ। ਜ਼ਿਕਰਯੋਗ ਹੈ ਕਿ ਪੈਟ ਨੇ 10 ਸਾਲਾਂ ਤਕ ਨੈਸ਼ਨਲ ਅਤੇ ਇੰਟਰਨੈਸ਼ਨਲ ਮੁਕਾਬਲਿਆਂ ਵਿਚ ਭਾਗ ਲੈਂਦੇ ਹੋਏ ਆਪਣੇ ਸੁਨਹਿਰੇ ਦਿਨਾਂ ਵਿਚ 42 ਕਿਲੋਗ੍ਰਾਮ ਵਰਗ ਵਿਚ 135 ਕਿਲੋਗ੍ਰਾਮ ਦੀ ਵੇਟ ਲਿਫ਼ਟਿੰਗ ਕੀਤੀ। ਕਿਸਮਤ ਇਕ ਵਾਰ ਉਸ ਨੂੰ ਅਜਮਾਉਣਾ ਚਾਹੁੰਦੀ ਸੀ, ਲਿਹਾਜ਼ਾ 48 ਸਾਲ ਦੀ ਉਮਰ ਵਿਚ ਇਕ ਵਾਰ ਫਿਰ ਪੈਟ ਨੂੰ ਟਰਮੀਨਲ ਕੈਂਸਰ ਦਾ ਸਾਹਮਣਾ ਕਰਨਾ ਪਿਆ। ਇਸ ਵਾਰ 1993 ਵਿਚ ਉਸ ਨੂੰ ਆਸਟਿਯੋਸਾਰਕੋਮਾ ਹੋ ਗਿਆ, ਜੋ ਇਕ ਤਰ੍ਹਾਂ ਦਾ ਹੱਡੀ ਦਾ ਕੈਂਸਰ ਸੀ। **(ਏਜੰਸੀ)**

ਮਹਿਲਾ ਹਾਕੀ ਵਿਸ਼ਵ ਕੱਪ : ਰਾਣੀ ਰਾਮਪਾਲ ਨੂੰ ਭਾਰਤੀ ਟੀਮ 'ਚ ਕੀਤਾ ਆਊਟ

ਨਵੀਂ ਦਿੱਲੀ, 22 ਜੂਨ : ਸਟ੍ਰਾਈਕਰ ਤੇ ਸਾਬਕਾ ਕਪਤਾਨ ਰਾਣੀ ਰਾਮਪਾਲ ਨੂੰ ਭਾਰਤ ਦੀ 18 ਮੈਂਬਰੀ ਮਹਿਲਾ ਹਾਕੀ ਟੀਮ 'ਚੋਂ ਬਾਹਰ ਕਰ ਦਿਤਾ ਗਿਆ ਜੋ ਅਗਲੇ ਮਹੀਨੇ ਐਫ਼. ਆਈ. ਐਚ. ਵਿਸ਼ਵ ਕੱਪ 'ਚ ਹਿੱਸਾ ਲਵੇਗੀ। ਗੋਲਕੀਪਰ ਸਵਿਤਾ ਪੂਨੀਆ ਭਾਰਤੀ ਟੀਮ ਦੀ ਅਗਵਾਈ ਕਰੇਗੀ। ਰਾਣੀ ਨੂੰ ਪੈਰ ਦੀਆਂ ਮਾਸਪੇਸ਼ੀਆਂ ਦੀ ਸੱਟ ਠੀਕ ਹੋਣ ਤੋਂ ਬਾਅਦ ਬੈਲਜੀਅਮ ਤੇ ਨੀਦਰਲੈਂਡ ਵਿਰੁਧ ਐਫ਼.ਆਈ.ਐਚ. ਪ੍ਰੋ ਲੀਗ ਮੁਕਾਬਲਿਆਂ ਲਈ ਭਾਰਤੀ ਟੀਮ 'ਚ ਸ਼ਾਮਲ ਕੀਤਾ ਗਿਆ ਸੀ ਪਰ ਉਹ ਇਸ ਦੇ ਸ਼ੁਰੂਆਤੀ ਚਾਰ ਮੈਚਾਂ 'ਚ ਨਹੀਂ ਖੇਡੀ ਜਿਸ ਨਾਲ ਉਨ੍ਹਾਂ ਦੀ ਫ਼ਿਟਨੈੱਸ ਨੂੰ ਲੈ ਕੇ ਸਵਾਲ ਉੱਠਣ ਲੱਗੇ ਸਨ। **(ਏਜੰਸੀ)**

ਪੰਜਾਬ ਐਂਡ ਸਿੰਧ ਬੈਂਕ

ਭਾਰਤ ਸਰਕਾਰ ਦਾ ਇਕ ਅਦਾਰਾ

ਪੀ.ਐਸ.ਬੀ.

ਜ਼ੋਨਲ ਦਫ਼ਤਰ : ਫਰੀਦਕੋਟ, ਰੈਡ ਰੋਜ਼ ਭਵਨ, ਸਦਿਕ ਚੌਕ, ਫਰੀਦਕੋਟ 151203
ਫੋਨ : 01639-502077-78, ਈਮੇਲ : zo.faridkot@psb.co.in

ਪੰਜਾਬ ਐਂਡ ਸਿੰਧ ਬੈਂਕ, ਬ੍ਰਾਂਚ ਦਫਤਰ ਬਾਘਾਪੁਰਾਣਾ (B0066) ਜ਼ਿਲ੍ਹਾ ਮੋਗਾ, ਪੰਜਾਬ ਵਿਚ ਇੰਟੀਰੀਅਰ ਫਰਨਿਸ਼ਿੰਗ ਅਤੇ ਇਸ ਨਾਲ ਸੰਬੰਧਤ ਬਿਜਲੀ ਦੇ ਕੰਮ

ਪੰਜਾਬ ਐਂਡ ਸਿੰਧ ਬੈਂਕ ਵੱਲੋਂ ਬ੍ਰਾਂਚ ਬਾਘਾਪੁਰਾਣਾ (B0066) ਜ਼ਿਲ੍ਹਾ ਮੋਗਾ, ਪੰਜਾਬ ਵਿਖੇ ਇੰਟੀਰੀਅਰ ਫਰਨਿਸ਼ਿੰਗ ਅਤੇ ਇਸ ਨਾਲ ਸੰਬੰਧਤ ਬਿਜਲੀ ਦੇ ਕੰਮਾਂ ਲਈ ਦੋਹਰੀ ਬੋਲੀ ਪ੍ਰਣਾਲੀ (ਤਕਨੀਕੀ ਬੋਲੀ ਅਤੇ ਵਿੱਤੀ ਬੋਲੀ) ਅਧੀਨ ਖੁੱਲ੍ਹੇ ਟੈਂਡਰ ਲਈ ਅਰਜੀਆਂ ਮੰਗੀਆਂ ਜਾਂਦੀਆਂ ਹਨ।
ਅਰਜੀਆਂ ਜਮਾਂ ਕਰਾਉਣ ਦੀ ਆਖਰੀ ਮਿਤੀ : 12-7-2022 ਹੈ। ਹੋਰ ਵੇਰਵਿਆਂ ਲਈ ਸਾਡੀ ਵੈਬਸਾਈਟ www.punjabandsindbank.co.in 'ਤੇ ਜਾਓ।

ਜ਼ੋਨਲ ਮੈਨੇਜਰ

ਪੰਜਾਬ ਮੰਡੀ ਬੋਰਡ

ਈ-ਟੈਂਡਰ ਮੰਗਣ ਦੀ ਸੂਚਨਾ (ਬੀਐਂਡਆਰ ਕੰਮ)
ਐਨਆਈਟੀ ਨੰ 17/ਐਸਈ (ਟੀਆਈਸੀ), ਮਿਤੀ 21-6-2022

ਮਿਉਂਸਪਲ ਕਾਰਪੋਰੇਸ਼ਨ ਵਿਭਾਗ ਲੁਧਿਆਣਾ (ਬੀ ਐਂਡ ਆਰ) ਹੇਠ ਲਿਖੇ ਸ਼ਡਿਊਲ ਅਨੁਸਾਰ 1 ਕੰਮ ਲਈ ਦੋਹਰੀ ਬੋਲੀ ਅਧਾਰ 'ਤੇ ਆਨਲਾਈਨ ਬੋਲੀਆਂ ਮੰਗੀਆਂ ਜਾਂਦੀਆਂ ਹਨ।
ਬੰਦ ਹੋਣ ਦੀ ਮਿਤੀ ਤੇ ਸਮਾਂ : 5-7-2022
ਵੇਰਵਿਆਂ ਲਈ ਲਾਗਆਨ ਕਰੋ : eproc.punjab.gov.in
ਨੋਟ : ਕੰਮ ਦੇ ਵੇਰਵੇ, ਹੋਰ ਨਿਯਮ ਤੇ ਸ਼ਰਤਾਂ ਅਤੇ ਟੈਂਡਰ ਦਸਤਾਵੇਜ ਜੇਕਰ ਕੋਈ ਸੋਧਾ/ਵਾਧਾ ਹੋਇਆ ਤਾਂ ਟੈਂਡਰ ਨੋਟਿਸ ਸਿਰਫ਼ ਉਪਰੋਕਤ ਵੈਬਸਾਈਟ 'ਤੇ ਜਾਰੀ ਕੀਤੀ ਜਾਵੇਗੀ।

ਸੁਪਰਡੈਂਟ ਇੰਜੀਨੀਅਰ (ਟੀਆਈਸੀ)
15141 **ਮਿਉਂਸਪਲ ਕਾਰਪੋਰੇਸ਼ਨ ਲੁਧਿਆਣਾ**

ਦਫਤਰ ਨਗਰ ਕੌਂਸਲ ਬਨੂੜ (ਐਸ ਏ ਐਸ ਨਗਰ)

ਪੱਤਰ ਨੰ 514 ਮਿਤੀ 21-6-2022

ਟੈਂਡਰ ਮੰਗਣ ਦੀ ਸੂਚਨਾ

ਈ ਟੈਂਡਰ ਨੰ 04/ਐਮ.ਸੀ. ਬਨੂੜ/2022 ਮਿਤੀ 21- ਜੂਨ 2022

ਕੰਮ ਮੰਗਦਾ ਵਿਭਾਗ :	ਮਿਉਂਸਪਲ ਕੌਂਸਲ, ਬਨੂੜ
ਕੰਮ ਦਾ ਨਾਮ	ਵਿਕਾਸ ਦੇ ਕੰਮ
ਕੰਮ ਦੀ ਲਾਗਤ/ਬਿਆਨਾਂ ਰਕਮ	53.78 ਲੱਖ / ਹਰ ਕੰਮ ਲਈ ਵੱਖਰਾ
ਬੋਲੀ ਖੋਲ੍ਹਣ ਦੀ ਮਿਤੀ :	15-7-2022

ਟੈਂਡਰ ਮੰਗਣ ਦੇ ਨੋਟਿਸ ਦੇ ਨਿਯਮ ਤੇ ਸ਼ਰਤਾਂ ਦੇ ਵੇਰਵਿਆਂ ਲਈ ਕਿਰਪਾ ਕਰਕੇ https://eproc.punjab.gov.in 'ਤੇ ਜਾਓ ਅਤੇ ਹੈਲਪਲਾਈਨ ਨੰ 0172-2791226, 2791326
ਸੋਧ, ਜੇਕਰ ਕੋਈ ਹੋਈ ਤਾਂ ਸਿਰਫ਼ ਵੈਬਸਾਈਟ 'ਤੇ ਜਾਰੀ ਕੀਤੀ ਜਾਵੇਗੀ।

ਕਾਰਜਕਾਰੀ ਅਫ਼ਸਰ
15140 **ਮਿਉਂਸਪਲ ਕੌਂਸਲ, ਬਨੂੜ**

Fortis

ਫ਼ੋਰਟਿਸ ਮਲਾਰ ਹਾਸਪੀਟਲਜ਼ ਲਿਮਟਡ

ਕਾਰਪੋਰੇਟ ਪਛਾਣ ਨੰਬਰ : L85110PB1996PLC045948
ਰਜਿ. ਦਫ਼ਤਰ : ਫ਼ੋਰਟਿਸ ਹਸਪਤਾਲ, ਸੈਕਟਰ 62, ਫ਼ੇਜ਼-8, ਮੋਹਾਲੀ, ਪੰਜਾਬ-160062, ਪੰਜਾਬ
ਟੈਲੀ. : +91-172-5096001, ਫ਼ੈਕਸ : +91-172-5096002
ਈ-ਮੇਲ : secretarial@malarhospitals.in ਵੈੱਬਸਾਈਟ : www.fortismalar.com

ਕੰਪਨੀ ਦੀ 31ਵੀਂ ਸਾਲਾਨਾ ਜਨਰਲ ਮੀਟਿੰਗ ('31ਵੀਂ ਏਜੀਐਮ') ਦੀ ਮੈਂਬਰਾਂ ਨੂੰ ਸੂਚਨਾ

ਪਿਆਰੇ ਮੈਂਬਰਜ਼

ਸੂਚਿਤ ਕੀਤਾ ਜਾਂਦਾ ਹੈ ਕਿ ਕੰਪਨੀ ਦੀ 31ਵੀਂ ਏਜੀਐਮ 27 ਜੁਲਾਈ 2022 ਦਿਨ ਬੁੱਧਵਾਰ ਨੂੰ ਬਾ.ਦੁ. 2.00 ਵਜੇ (ਆਈਐਸਟੀ) ਵੀਡੀਓ ਕਾਨਫਰੰਸਿੰਗ/ਹੋਰ ਆਡੀਓ ਵੀਡੀਓ ਮਾਧਿਅਮ (ਵੀਸੀ/ਓਏਵੀਐਮ) ਰਾਹੀਂ ਹੇਠ ਦਰਸਾਏ ਗਠਿਤ ਕੀਤੇ ਕੰਪਨੀਜ਼ ਐਕਟ 2013, ਰੂਲਜ਼ ਦੀਆਂ ਲਾਗੂ ਤਜਵੀਜ਼ਾਂ ਨਾਲ ਸਹੂਲਤਾਂ ਦੀ ਪਾਲਣਾ ਕਰਦਿਆਂ ਅਤੇ ਸੇਬੀ (ਲਿਸਟਿੰਗ ਆਬਲੀਗੇਸ਼ਨ ਅਤੇ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨ 2015 ਨਾਲ ਪੜ੍ਹੇ ਜਾਂਦੇ ਜਨਰਲ ਸਰਕੂਲਰ ਵਪਾਰਕ ਮਾਮਲੇ ਮੰਤਰਾਲੇ ('ਐਮਸੀਏ ਸਰਕੂਲਰਜ਼') ਵਲੋਂ ਜਾਰੀ ਅਤੇ ਸਰਕੂਲਰ ਸਕਿਓਰਿਟੀਜ਼ ਐਂਡ ਐਕਸਚੇਂਜ ਬੋਰਡ ਆਫ਼ ਇੰਡੀਆ ('ਸੇਬੀ ਸਰਕੂਲਰ') ਵਲੋਂ ਇਕ ਸਾਂਝੀ ਥਾਂ 'ਤੇ ਮੈਂਬਰਾਂ ਦੀ ਬਿਨਾਂ ਫਿਜ਼ੀਕਲ ਹਾਜ਼ਰੀ ਦੇ ਜਾਰੀ ਕੀਤਾ ਗਿਆ।

31ਵੀਂ ਏਜੀਐਮ ਦੀ ਸੂਚਨਾ ਅਤੇ ਵਿੱਤੀ ਸਾਲ 2021-22 ਲਈ ਸਾਲਾਨਾ ਵਿੱਤੀ ਰਿਪੋਰਟ ਸਮੇਤ 31 ਮਾਰਚ 2022 ('ਸਾਲਾਨਾ ਰਿਪੋਰਟ') ਲਈ ਵਿੱਤੀ ਸਟੇਟਮੈਂਟਾਂ ਸਾਰੇ ਉਨ੍ਹਾਂ ਮੈਂਬਰਾਂ ਨੂੰ ਜਿਨ੍ਹਾਂ ਦੇ ਈਮੇਲ ਪਤੇ ਕੰਪਨੀ ਜਾਂ ਡਿਪਜ਼ਾਟਰੀ ਪਾਰਟੀਸੀਪੈਂਟਸ ਕੋਲ ਐਮਸੀਏ ਸਰਕੂਲਰਜ਼ ਅਤੇ ਸੇਬੀ ਸਰਕੂਲਰ ਅਨੁਸਾਰ ਦਰਜ ਹਨ ਭੇਜੇ ਜਾਣਗੇ।

ਸ਼ੇਅਰਹੋਲਡਰਜ਼ ਜਿਨ੍ਹਾਂ ਦੇ ਈਮੇਲ ਪਤੇ ਅਤੇ ਪੈਨ ਹਾਲੇ ਤੱਕ ਰਜਿਸਟਰਡ ਨਹੀਂ ਹਨ ਉਨ੍ਹਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਈਮੇਲ ਪਤੇ ਹੇਠ ਦਿੱਤੀ ਪ੍ਰਕਿਰਿਆ ਅਨੁਸਾਰ ਰਜਿਸਟਰਡ ਕਰਵਾਉਣ।

ਭੌਤਿਕ ਰੂਪ ਵਿਚ ਸ਼ੇਅਰ ਹੋਲਡਰ ਮੈਂਬਰਾਂ ਲਈ ਕ੍ਰਿਪਾ ਕਰਕੇ ਹਸਤਾਖਰ ਕੀਤੇ ਬੇਨਤੀ ਪੱਤਰ ਦੀ ਸਕੈਨ ਕਾਪੀ ਆਈਆਰਐਸ-2 ਫਾਰਮ ਵਿਚ ਸ਼ੇਅਰ ਹੋਲਡਰ ਦਾ ਫੋਲੀਓ ਨੰਬਰ, ਸ਼ੇਅਰ ਸਰਟੀਫਿਕੇਟ ਦੀ ਕਾਪੀ (ਸਾਹਮਣੇ ਤੇ ਪਿਛਲੇ ਪਾਸੇ), ਪੂਰਾ ਪਤਾ, ਰਜਿਸਟਰਡ ਹੋਣ ਲਈ ਈਮੇਲ ਪਤੇ ਸਮੇਤ ਖੁਦ ਤਸਦੀਕ ਕੀਤੀ ਪੈਨ ਦੀ ਕਾਪੀ ਈਮੇਲ ਰਾਹੀਂ ਕੰਪਨੀ ਦੇ ਈਮੇਲ ਪਤੇ secretarial.malar@malahospitals.in 'ਤੇ ਜਾਂ ਰਜਿਸਟਰਾਰ ਅਤੇ ਟਰਾਂਸਫਰ ਏਜੰਟ (ਰਜਿਸਟਰਾਰ) ਨੂੰ einward.ris@kfintech.com 'ਤੇ ਈਮੇਲ ਰਾਹੀਂ ਸਕੈਨ ਕਾਪੀ ਭੇਜਣ।

ਮੈਂਬਰ ਜਿਨ੍ਹਾ ਕੋਲ ਸ਼ੇਅਰ ਡੀਮੈਟ ਰੂਪ ਵਿਚ ਹਨ ਕ੍ਰਿਪਾ ਕਰਕੇ ਉਹ ਸਬੰਧਤ ਡਿਪਜ਼ਾਟਰੀ ਪਾਰਟੀਸੀਪੈਂਟ ਰਾਹੀਂ ਆਪਣੇ ਈਮੇਲ ਪਤੇ ਅਤੇ ਪੈਨ ਅਪਡੇਟ ਕਰਨ।

ਮੈਂਬਰ 31ਵੀਂ ਏਜੀਐਮ ਵਿਚ ਸਿਰਫ਼ ਵੀਸੀ/ਓਏਵੀਐਮ ਸਹੂਲਤ ਰਾਹੀਂ ਜੁੜ ਸਕਦੇ ਹਨ। 31ਵੀਂ ਏਜੀਐਮ ਨਾਲ ਜੁੜਨ ਲਈ ਹਦਾਇਤਾਂ ਅਤੇ ਰੀਮੋਟ ਇਲੈਕਟ੍ਰਾਨਿਕ ਵੋਟਿੰਗ ਵਿਚ ਜਾਂ 31ਵੀਂ ਏਜੀਐਮ ਦੌਰਾਨ ਈ ਵੋਟਿੰਗ ਸਿਸਟਮ ਰਾਹੀਂ ਵੋਟ ਦੇਣ ਲਈ ਹਿੱਸਾ ਲੈਣ ਦਾ ਤਰੀਕਾ 31ਵੀਂ ਏਜੀਐਮ ਨੋਟਿਸ ਵਿਚ ਮੁਹੱਈਆ ਕਰਵਾਇਆ ਗਿਆ ਹੈ। ਵੀਸੀ/ਓਏਵੀਐਮ ਸਹੂਲਤ ਰਾਹੀਂ ਹਿੱਸਾ ਲੈ ਰਹੇ ਮੈਂਬਰਾਂ ਨੂੰ ਕੰਪਨੀਜ਼ ਐਕਟ 2013 ਦੇ ਸੈਕਸ਼ਨ 103 ਅਧੀਨ ਕੋਰਮ ਪੂਰਾ ਕਰਨ ਦੇ ਮੰਤਵ ਨਾਲ ਗਿਣਿਆ ਜਾਵੇਗਾ। 31ਵੀਂ ਏਜੀਐਮ ਦਾ ਨੋਟਿਸ ਅਤੇ ਸਾਲਾਨਾ ਰਿਪੋਰਟ ਕੰਪਨੀ ਦੀ ਵੈਬਸਾਈਟ ਭਾਵ www.fortismalar.com ਅਤੇ ਬੀਐਸਈ ਲਿਮਟਿਡ www.bseindia.com 'ਤੇ ਵੀ ਉਪਲਬਧ ਹਨ।

ਕੰਪਨੀ ਨੇ ਜਿਹਨਾਂ ਮੈਂਬਰਾਂ ਨੂੰ 31ਵੀਂ ਏਜੀਐਮ ਦੀ ਸੂਚਨਾ ਦਿੱਤੀ ਗਈ ਹੈ ਉਨ੍ਹਾਂ ਦੀ ਯੋਗਤਾ ਨੂੰ ਵਿਚਾਰਨ ਦੀ ਕੱਟ ਆਫ ਮਿਤੀ 24 ਜੂਨ 2022 ਰੱਖੀ ਗਈ ਹੈ ਅਤੇ ਸਲਾਨਾ ਰਿਪੋਰਟ ਭੇਜ ਦਿੱਤੀ ਜਾਵੇਗੀ।

ਕੰਪਨੀਜ਼ ਐਕਟ 2013 ਦੇ ਸੈਕਸ਼ਨ 108 ਅਤੇ ਕੰਪਨੀਜ਼ (ਮੈਨੇਜਮੈਂਟ ਅਤੇ ਐਡਮਿਨਸਟ੍ਰੇਸ਼ਨ) ਰੂਲਜ਼ 2014 (ਜਿਵੇਂ ਸੋਧਿਆ ਗਿਆ) ਦੇ ਰੂਲ 20 ਦੀਆਂ ਸ਼ਰਤਾਂ ਤਹਿਤ ਕੰਪਨੀ ਨੇ 20 ਜੁਲਾਈ 2022 ਦਿਨ ਬੁੱਧਵਾਰ, ਇਲੈਕਟ੍ਰਾਨਿਕ ਮਾਧਿਅਮ ਨਾਲ ਮੈਂਬਰਾਂ ਨੂੰ ਉਨ੍ਹਾਂ ਦੀ ਵੋਟ ਪਾਉਣ ਦੀ ਯੋਗਤਾ ਨੂੰ ਵਿਚਾਰਨ ਦੀ ਕੱਟ ਆਫ਼ ਮਿਤੀ ਅਤੇ 27 ਜੁਲਾਈ 2022 ਦਿਨ ਬੁੱਧਵਾਰ ਨੂੰ ਵੀਸੀ/ਓਏਵੀਐਮ ਸਹੂਲਤ ਰਾਹੀਂ ਹੋਣ ਵਾਲੀ 31ਵੀਂ ਏਜੀਐਮ ਸ਼ਡਿਊਲ ਦੌਰਾਨ ਈ ਵੋਟਿੰਗ ਲਈ ਮਿੱਥੀ ਗਈ ਹੈ।

ਉਪਰੋਕਤ ਜਾਣਕਾਰੀ ਕੰਪਨੀ ਦੇ ਸਾਰੇ ਮੈਂਬਰਾਂ ਦੇ ਲਾਭ ਅਤੇ ਜਾਣਕਾਰੀ ਲਈ ਜਾਰੀ ਕੀਤੀ ਗਈ ਹੈ ਅਤੇ ਇਹ ਐਮਸੀਏ ਸਰਕੂਲਰ ਅਤੇ ਸੇਬੀ ਸਰਕੂਲਰ ਦੀ ਪਾਲਣਾ ਅਧੀਨ ਹੈ।

ਲਈ ਫੋਰਟਿਸ ਮਲਾਰ ਹਾਸਪਿਟਲਜ਼ ਲਿਮਟਿਡ
ਸਹੀ
ਸੰਦੀਪ ਸਿੰਘ
ਮਿਤੀ : ਜੂਨ 23, 2022 **ਕੰਪਨੀ ਸਕੱਤਰ**
ਸਥਾਨ : ਗੁਰੂਗ੍ਰਾਮ **ਮੈਂਬਰਸ਼ਿਪ ਨੰ. F9877**

ਈ-ਨਿਲਾਮੀ ਨੋਟਿਸ

(IBBI (ਲਿਕੁਡੇਸ਼ਨ ਪ੍ਰੋਸੈਸ) ਰੈਗੂਲੇਸ਼ਨ 2016 ਦੇ ਰੈਗੂਲੇਸ਼ਨ 32 ਅਤੇ 33 ਅਧੀਨ)
ਸਾਬੇਰ ਪੇਪਰ ਬੋਰਡਜ਼ ਪ੍ਰਾਈਵੇਟ ਲਿਮਟਿਡ (ਲਿਕੁਡੇਸ਼ਨ ਵਿੱਚ) (SPBBPL) CIN: U21015PB1996PTC019227

SPBPL ਦੇ ਅਸਾਸਿਆਂ ਦੀ 'ਜਿਵੇਂ ਹੈ ਕਿੱਥੇ ਹੈ, ਜੋ ਵੀ ਹੈ ਅਤੇ ਬਿਨਾਂ ਆਸਰੇ' ਦੇ ਆਧਾਰ 'ਤੇਈ-ਨਿਲਾਮੀ ਵਿਕਰੀ ਵਿੱਚ ਹਿੱਸਾ ਲੈਣ ਲਈ SPBPL ਦੇ ਲਿਕੁਡੇਟਰ ਵੱਲੋਂ ਯੋਗ ਬੋਲੀਕਾਰਾਂ ਨੂੰ ਸੱਦਾ ਦਿੱਤਾ ਜਾਂਦਾ ਹੈ। ਬੋਲੀ ਦਸਤਾਵੇਜ਼ ਵਿੱਚ ਸੂਚੀਬੱਧ ਵਿਸਤ੍ਰਿਤ ਨਿਯਮ, ਸ਼ਰਤਾਂ ਅਤੇ ਪ੍ਰਕਿਰਿਆ ਜੋ https://www.bankeauctions.com ਅਤੇ https://saberboardscirp.wordpress.com ਤੋਂ ਡਾਊਨਲੋਡ ਕੀਤੀ ਜਾ ਸਕਦੀ ਹੈ।

ਲੌਟ ਨੰ	ਜਾਇਦਾਦਾਂ ਦਾ ਵੇਰਵਾ	ਰਾਖਵੀਂ ਕੀਮਤ (ਰੁ: ਲੱਖਾਂ 'ਚ)	ਈਐਮਡੀ (ਰੁ: ਲੱਖਾਂ 'ਚ)	ਬੋਲੀ ਵਧਾ ਰਕਮ (ਰੁ: ਲੱਖਾਂ 'ਚ)
1.	ਕ੍ਰਾਫਟ ਪੇਪਰ ਯੂਨਿਟ ਅਤੇ ਕੌਰੂਗੇਟਡ ਬਕਸ ਯੂਨਿਟ ਜ਼ਮੀਨ (ਜੋ ਕਿ ਹੇਠਾਂ ਸੂਚੀਬੱਧ ਸਿਰਲੇਖ ਡੀਡ ਵਿਚ ਸ਼ਾਮਲ ਹੈ) ਅਤੇ ਬਿਲਡਿੰਗ (ਸਮੇਤ ਢਾਂਚਾ ਅਤੇ ਸ਼ੈਡ) ਅਤੇ ਸਾਬੇਰ ਪੇਪਰ ਬੋਰਡਜ਼ ਪਾ. ਲਿਮ. ਦਾ ਪੂਰਾ ਪਲਾਂਟ ਅਤੇ ਕੌਰੂਗੇਟਡ ਬਾਕਸ ਯੂਨਿਟ ਦੀ ਮਸ਼ੀਨਰੀ, ਪਿੰਡ ਗੌਂਸਪੁਰਾ, ਲੁਧਿਆਣਾ, ਪੰਜਾਬ 141011 ਡੀਡ ਨੰ — ਜ਼ਮੀਨ ਵਿਚ ਵਾਧਾ 14331 — 57 ਕਨਾਲ ਅਤੇ 17 ਮਰਲੇ 22202 — 12 ਕਨਾਲ ਅਤੇ 6 ਮਰਲੇ 26558 — 12 ਕਨਾਲ ਅਤੇ 10 ਮਰਲੇ 22248 — 7 ਕਨਾਲ ਅਤੇ 12 ਮਰਲੇ ਕੁੱਲ = 90 ਕਨਾਲ ਅਤੇ 5 ਮਰਲੇ	1379.50	137.95	20.00
2.	ਜ਼ਮੀਨ ਅਤੇ ਬਿਲਡਿੰਗ - ਕ੍ਰਾਫਟ ਪੇਪਰ ਯੂਨਿਟ ਜ਼ਮੀਨ (ਜੋ ਕਿ ਹੇਠਾਂ ਸੂਚੀਬੱਧ ਸਿਰਲੇਖ ਡੀਡ ਵਿਚ ਸ਼ਾਮਲ ਹੈ) ਅਤੇ ਬਿਲਡਿੰਗ (ਸਮੇਤ ਢਾਂਚਾ ਅਤੇ ਸ਼ੈਡ) ਅਤੇ ਸਾਬੇਰ ਪੇਪਰ ਬੋਰਡਜ਼ ਪਾ. ਲਿਮ. ਦੀ ਕਰਾਫਟ ਪੇਪਰ ਯੂਨਿਟ ਪਿੰਡ ਗੌਂਸਪੁਰਾ, ਲੁਧਿਆਣਾ, ਪੰਜਾਬ 141011 ਡੀਡ ਨੰ — ਜ਼ਮੀਨ ਵਿਚ ਵਾਧਾ 22202 — 12 ਕਨਾਲ ਅਤੇ 6 ਮਰਲੇ 26558 — 12 ਕਨਾਲ ਅਤੇ 10 ਮਰਲੇ 22248 — 7 ਕਨਾਲ ਅਤੇ 12 ਮਰਲੇ ਕੁੱਲ = 32 ਕਨਾਲ ਅਤੇ 8 ਮਰਲੇ	349.02	34.90	10.00
3.	ਜ਼ਮੀਨ - ਕ੍ਰਾਫਟ ਪੇਪਰ ਯੂਨਿਟ ਜ਼ਮੀਨ (ਜੋ ਕਿ ਹੇਠਾਂ ਸੂਚੀਬੱਧ ਸਿਰਲੇਖ ਡੀਡ ਵਿਚ ਸ਼ਾਮਲ ਹੈ) ਸਾਬੇਰ ਪੇਪਰ ਬੋਰਡਜ਼ ਪਾ. ਲਿਮ. ਦੀ ਕਰਾਫਟ ਪੇਪਰ ਯੂਨਿਟ ਪਿੰਡ ਗੌਂਸਪੁਰਾ, ਲੁਧਿਆਣਾ, ਪੰਜਾਬ 141011 ਡੀਡ ਨੰ — ਜ਼ਮੀਨ ਵਿਚ ਵਾਧਾ 22202 — 12 ਕਨਾਲ ਅਤੇ 6 ਮਰਲੇ 26558 — 12 ਕਨਾਲ ਅਤੇ 10 ਮਰਲੇ 22248 — 7 ਕਨਾਲ ਅਤੇ 12 ਮਰਲੇ ਕੁੱਲ = 32 ਕਨਾਲ ਅਤੇ 8 ਮਰਲੇ	94.65	9.46	5.00
4.	ਬਿਲਡਿੰਗ - ਕ੍ਰਾਫਟ ਪੇਪਰ ਯੂਨਿਟ ਜ਼ਮੀਨ (ਜੋ ਕਿ ਹੇਠਾਂ ਸੂਚੀਬੱਧ ਸਿਰਲੇਖ ਡੀਡ ਵਿਚ ਸ਼ਾਮਲ ਹੈ) ਸਾਬੇਰ ਪੇਪਰ ਬੋਰਡਜ਼ ਪਾ. ਲਿਮ. ਦੀ ਕਰਾਫਟ ਪੇਪਰ ਯੂਨਿਟ ਪਿੰਡ ਗੌਂਸਪੁਰਾ, ਲੁਧਿਆਣਾ, ਪੰਜਾਬ 141011	254.37	25.43	5.00
5.	ਕੌਰੂਗੇਟਡ ਬਕਸ ਯੂਨਿਟ ਜ਼ਮੀਨ (ਜੋ ਕਿ ਹੇਠਾਂ ਸੂਚੀਬੱਧ ਸਿਰਲੇਖ ਡੀਡ ਵਿਚ ਸ਼ਾਮਲ ਹੈ) ਅਤੇ ਬਿਲਡਿੰਗ (ਸਮੇਤ ਢਾਂਚਾ ਅਤੇ ਸ਼ੈਡ) ਅਤੇ ਸਾਬੇਰ ਪੇਪਰ ਬੋਰਡਜ਼ ਪਾ. ਲਿਮ. ਦਾ ਪੂਰਾ ਪਲਾਂਟ ਅਤੇ ਕੌਰੂਗੇਟਡ ਬਾਕਸ ਯੂਨਿਟ ਦੀ ਮਸ਼ੀਨਰੀ, ਪਿੰਡ ਗੌਂਸਪੁਰਾ, ਲੁਧਿਆਣਾ, ਪੰਜਾਬ 141011 ਡੀਡ ਨੰ — ਜ਼ਮੀਨ ਵਿਚ ਵਾਧਾ 14331 — 57 ਕਨਾਲ ਅਤੇ 17 ਮਰਲੇ ਕੁੱਲ = 57 ਕਨਾਲ ਅਤੇ 17 ਮਰਲੇ	1030.48	103.04	10.00
6.	ਜ਼ਮੀਨ ਅਤੇ ਬਿਲਡਿੰਗ ਅਤੇ ਕੌਰੂਗੇਟਡ ਬਕਸ ਯੂਨਿਟ ਜ਼ਮੀਨ (ਜੋ ਕਿ ਹੇਠਾਂ ਸੂਚੀਬੱਧ ਸਿਰਲੇਖ ਡੀਡ ਵਿਚ ਸ਼ਾਮਲ ਹੈ) ਅਤੇ ਬਿਲਡਿੰਗ (ਸਮੇਤ ਢਾਂਚਾ ਅਤੇ ਸ਼ੈਡ) ਅਤੇ ਸਾਬੇਰ ਪੇਪਰ ਬੋਰਡਜ਼ ਪਾ. ਲਿਮ. ਦਾ ਪੂਰਾ ਪਲਾਂਟ ਅਤੇ ਕੌਰੂਗੇਟਡ ਬਾਕਸ ਯੂਨਿਟ ਦੀ ਮਸ਼ੀਨਰੀ, ਪਿੰਡ ਗੌਂਸਪੁਰਾ, ਲੁਧਿਆਣਾ, ਪੰਜਾਬ 141011 ਡੀਡ ਨੰ — ਜ਼ਮੀਨ ਵਿਚ ਵਾਧਾ 14331 — 57 ਕਨਾਲ ਅਤੇ 17 ਮਰਲੇ ਕੁੱਲ = 57 ਕਨਾਲ ਅਤੇ 17 ਮਰਲੇ	783.07	78.30	5.00
7.	ਪਲਾਂਟ ਅਤੇ ਮਸ਼ੀਨਰੀ ਅਤੇ ਕੌਰੂਗੇਟਡ ਬਕਸ ਯੂਨਿਟ ਸਾਬੇਰ ਪੇਪਰ ਬੋਰਡਜ਼ ਪਾ. ਲਿਮ. ਦਾ ਪੂਰਾ ਪਲਾਂਟ ਅਤੇ ਕੌਰੂਗੇਟਡ ਬਾਕਸ ਯੂਨਿਟ ਦੀ ਮਸ਼ੀਨਰੀ, ਪਿੰਡ ਗੌਂਸਪੁਰਾ, ਲੁਧਿਆਣਾ, ਪੰਜਾਬ 141011	247.41	24.74	5.00

ਲੌਟ 1 ਦੇ ਬੋਲੀਕਾਰਾਂ ਨੂੰ ਪਹਿਲ ਦਿੱਤੀ ਜਾਵੇਗੀ (ਦੂਜੇ ਲੌਟਾਂ ਤੋਂ) ਲੌਟ 2 (ਲੌਟ 3 ਅਤੇ ਲੌਟ 4 ਤੋਂ) ਅਤੇ ਲੌਟ 5 (ਲੌਟ 6 ਅਤੇ ਲੌਟ 7 ਤੋਂ)। ਅਗਾਊਂ ਜੇਕਰ ਲੌਟ 4 ਲਈ ਬੋਲੀਆਂ ਪ੍ਰਾਪਤ ਹੁੰਦੀਆਂ ਹਨ ਤਾਂ ਲੌਟ ਸਿਰਫ਼ ਲੌਟ 3 ਵੇਚਿਆ ਜਾਵੇਗਾ ਅਤੇ ਜੇਕਰ ਲੌਟ 7 ਲਈ ਬੋਲੀਆਂ ਪ੍ਰਾਪਤ ਹੁੰਦੀਆਂ ਹਨ ਤਾਂ ਲੌਟ 6 ਵੇਚਿਆ ਜਾਵੇਗਾ।

ਈ ਨਿਲਾਮੀ ਸ਼ਡਿਊਲ : ਬੋਲੀ ਦਸਤਾਵੇਜ ਅਤੇ ਈਐਮਡੀ ਜਮਾਂ ਕਰਾਉਣ ਦੀ ਆਖਰੀ ਮਿਤੀ ਤੇ ਸਮਾਂ : 9 ਜੁਲਾਈ 2022 (ਸ਼ਨੀਵਾਰ) ਸ਼ਾਮ 5.00 ਵਜੇ ਤੱਕ। ਈ ਨਿਲਾਮੀ ਦੀ ਮਿਤੀ : 11 ਜੁਲਾਈ 2022 (ਸੋਮਵਾਰ) ਸ਼ਾਮ 3.00 ਵਜੇ ਤੋਂ ਸ਼ਾਮ 5.00 ਵਜੇ ਤੱਕ (5 ਮਿੰਟ ਦੇ ਅਣਮਿਥੇ ਸਮੇਂ ਦੇ ਵਾਧੇ ਨਾਲ)
ਚਾਹਵਾਨ ਬਿਨੈਕਾਰਾਂ ਨੂੰ ਈਐਮਡੀ ਐਨਈਐਫਟੀ/ਆਰਟੀਜੀਐਸ ਰਾਹੀਂ ਖਾਤਾ ਨੰ 018463300004326 ਵਿਚ ਸਾਬੇਰ ਪੇਪਰ ਬੋਰਡਜ਼ ਪ੍ਰਾ. ਲਿਮ. ਦੇ ਨਾਮ 'ਤੇ ਲਿਕੁਡੇਸ਼ਨ ਬੈਂਕ ਨਾਮ : ਯੈਸ ਬੈਂਕ, ਬ੍ਰਾਂਚ ਨੇਤਾਜੀ ਸੁਭਾਸ਼ ਪਲੇਸ, ਪੀਤਮਪੁਰਾ, ਨਵੀਂ ਦਿੱਲੀ 110088, ਆਈਐਫਐਸਸੀ ਕੋਡ YESB0000184 ਰਾਹੀਂ ਜਾਂ ਸਾਬੇਕ ਪੇਪਰ ਬੋਰਡਜ਼ ਪ੍ਰਾਈਵੇਟ ਲਿਮ.ਲਿਕੁਡੇਟਰ ਡਰਾਨ ਕਿਸੇ ਵੀ ਰਾਸ਼ਟਰੀ ਜਾਂ ਸ਼ਡਿਊਲ ਬੈਂਕ ਦੇ ਡਿਮਾਂਡ ਡਰਾਫਟ ਰਾਹੀਂ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ।
ਚਾਹਵਾਨ ਬਿਨੈਕਾਰਾਂ ਨੂੰ ਬੋਲੀ ਦਸਤਾਵੇਜ ਅਤੇ ਜਮਾਂ ਪੂਰੇ ਬੋਲੀ ਦਸਤਾਵੇਜ ਸਮੇਤ ਈਐਮਡੀ ਜਮਾਂ ਦਾ ਸਬੂਤ ਹਾਰਡ ਕਾਪੀ ਦੇ ਰੂਪ ਵਿੱਚ ਅਤੇ ਈ ਨਿਲਾਮੀ ਵੈਬਸਾਈਟ https://www.bankeauctions.com 'ਤੇ ਬੋਲੀ ਜਮਾਂ ਕਰਾਉਣ ਦੀ ਆਖਰੀ ਮਿਤੀ ਨੂੰ ਜਾਂ ਪਹਿਲਾਂ ਕਰਾਉਣ ਦੀ ਸਲਾਹ ਦਿੱਤੀ ਜਾਦੀ ਹੈ। ਬਿਨੈਕਾਰ ਕਿਸੇ ਤਰ੍ਹਾਂ ਦੀ ਸਹਾਇਤਾ ਲਈ ਮਿਸ ਪਾਰੁਲ ਗੋਇਲ (ਟੀਮ ਲਿਕੁਡੇਟਰ) ਨੂੰ ਈਮੇਲ : jp.saberpaperboards@gmail.com, ਫੋਨ : 011-45789408(0)/ + 91 9891501496 ਤੇ ਜਾਂ ਸ੍ਰੀ ਵਿਨੋਦ ਚੌਹਾਨ (ਟੀਮ ਈ ਨਿਲਾਮੀ ਏਜੰਸੀ) delhi@c1india.com ਫੋਨ : +91 9813887931 'ਤੇ ਸੰਪਰਕ ਕਰ ਸਕਦੇ ਹਨ।

ਵਿਕਰਮ ਬਜਾਜ
ਰਜਿ: ਨੰ IBBI/IPA-002/IP-N00003/2016-2017/10003
ਮਿਤੀ : 23/6/2022 ਲਿਕੁਡੇਟਰ, ਸਾਬੇਰ ਪੇਪਰ ਬੋਰਡਜ਼ ਪ੍ਰਾ. ਲਿਮ. (ਲਿਕੁਡੇਟਰ ਵਿਚ)
ਸਥਾਨ : ਦਿੱਲੀ ਈਮੇਲ : bajaj.vikram@gmail.com, Ph. 011-45789408(O)/9999989408(M)
ਦਫਤਰ : 308, ਪਰਲਜ਼ ਬਿਜਨਸ ਪਾਰਕ, ਨੇਤਾਜੀ ਸੁਭਾਸ਼ ਪਲੇਸ, ਪੀਤਮਪੁਰਾ, ਦਿੱਲੀ 110034

ਈ-ਨਿਲਾਮੀ ਨੋਟਿਸ

(IBBI (ਲਿਕੁਡੇਸ਼ਨ ਪ੍ਰੋਸੈਸ) ਰੈਗੂਲੇਸ਼ਨ 2016 ਦੇ ਰੈਗੂਲੇਸ਼ਨ 32 ਅਤੇ 33 ਅਧੀਨ)
ਸਾਬੇਰ ਪੇਪਰ ਬੋਰਡਜ਼ ਪ੍ਰਾਈਵੇਟ ਲਿਮਟਿਡ (ਲਿਕੁਡੇਸ਼ਨ ਵਿੱਚ) (SPBBPL) CIN: U21015PB1996PTC019227

SPBPL ਦੇ ਅਸਾਸਿਆਂ ਦੀ 'ਜਿਵੇਂ ਹੈ ਕਿੱਥੇ ਹੈ, ਜੋ ਵੀ ਹੈ ਅਤੇ ਬਿਨਾਂ ਆਸਰੇ' ਦੇ ਆਧਾਰ 'ਤੇਈ-ਨਿਲਾਮੀ ਵਿਕਰੀ ਵਿੱਚ ਹਿੱਸਾ ਲੈਣ ਲਈ SPBPL ਦੇ ਲਿਕੁਡੇਟਰ ਵੱਲੋਂ ਯੋਗ ਬੋਲੀਕਾਰਾਂ ਨੂੰ ਸੱਦਾ ਦਿੱਤਾ ਜਾਂਦਾ ਹੈ। ਬੋਲੀ ਦਸਤਾਵੇਜ਼ ਵਿੱਚ ਸੂਚੀਬੱਧ ਵਿਸਤ੍ਰਿਤ ਨਿਯਮ, ਸ਼ਰਤਾਂ ਅਤੇ ਪ੍ਰਕਿਰਿਆ ਜੋ https://www.bankeauctions.com ਅਤੇ https://saberboardscirp.wordpress.com ਤੋਂ ਡਾਊਨਲੋਡ ਕੀਤੀ ਜਾ ਸਕਦੀ ਹੈ।

ਲੌਟ ਨੰ	ਜਾਇਦਾਦਾਂ ਦਾ ਵੇਰਵਾ	ਰਾਖਵੀਂ ਕੀਮਤ (ਰੁ: ਲੱਖਾਂ 'ਚ)	ਈਐਮਡੀ (ਰੁ: ਲੱਖਾਂ 'ਚ)	ਬੋਲੀ ਵਧਾ ਰਕਮ (ਰੁ: ਲੱਖਾਂ 'ਚ)
1.	ਜ਼ਮੀਨ ਪਿੰਡ ਹੰਬੜਾਂ, ਲੁਧਿਆਣਾ ਪੰਜਾਬ ਰਜਿਸਟਰਡ ਸਿਰਲੇਖ ਡੀਡ ਨਾਲ ਡੀਡ ਨੰ — ਜ਼ਮੀਨ ਵਿਚ ਵਾਧਾ 8285 — 4 ਕਨਾਲ ਅਤੇ 0 ਮਰਲੇ 8380 — 10 ਕਨਾਲ ਅਤੇ 19 ਮਰਲੇ 8381 — 10 ਕਨਾਲ ਅਤੇ 14 1/2 ਮਰਲੇ ਕੁੱਲ = 25 ਕਨਾਲ ਅਤੇ 13.5 ਮਰਲੇ	89.67	8.96	2.00

ਈ ਨਿਲਾਮੀ ਸ਼ਡਿਊਲ : ਬੋਲੀ ਦਸਤਾਵੇਜ ਅਤੇ ਈਐਮਡੀ ਜਮਾਂ ਕਰਾਉਣ ਦੀ ਆਖਰੀ ਮਿਤੀ ਤੇ ਸਮਾਂ : 9 -7-2022 (ਸ਼ਨੀਵਾਰ) ਸ਼ਾਮ 5.00 ਵਜੇ ਤੱਕ। ਈ ਨਿਲਾਮੀ ਦੀ ਮਿਤੀ : 11 -7-2022 (ਸੋਮਵਾਰ) ਸ਼ਾਮ 3.00 ਵਜੇ ਤੋਂ ਸ਼ਾਮ 5.00 ਵਜੇ ਤੱਕ (5 ਮਿੰਟ ਦੇ ਅਣਮਿਥੇ ਸਮੇਂ ਦੇ ਵਾਧੇ ਨਾਲ)
ਚਾਹਵਾਨ ਬਿਨੈਕਾਰਾਂ ਨੂੰ ਈਐਮਡੀ ਐਨਈਐਫਟੀ/ਆਰਟੀਜੀਐਸ ਰਾਹੀਂ ਖਾਤਾ ਨੰ 018463300004346 ਵਿਚ ਸਾਬੇਰ ਪੇਪਰ ਬੋਰਡਜ਼ ਪ੍ਰਾ. ਲਿਮ. ਦੇ ਨਾਮ 'ਤੇ ਲਿਕੁਡੇਸ਼ਨ ਬੈਂਕ ਨਾਮ : ਯੈਸ ਬੈਂਕ, ਬ੍ਰਾਂਚ ਨੇਤਾਜੀ ਸੁਭਾਸ਼ ਪਲੇਸ, ਪੀਤਮਪੁਰਾ, ਨਵੀਂ ਦਿੱਲੀ 110088, ਆਈਐਫਐਸਸੀ ਕੋਡ YESB0000184 ਰਾਹੀਂ ਜਾਂ ਸਾਬੇਕ ਪੇਪਰ ਬੋਰਡਜ਼ ਪ੍ਰਾਈਵੇਟ ਲਿਮ.ਲਿਕੁਡੇਟਰ ਡਰਾਨ ਕਿਸੇ ਵੀ ਰਾਸ਼ਟਰੀ ਜਾਂ ਸ਼ਡਿਊਲ ਬੈਂਕ ਦੇ ਡਿਮਾਂਡ ਡਰਾਫਟ ਰਾਹੀਂ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ।
ਚਾਹਵਾਨ ਬਿਨੈਕਾਰਾਂ ਨੂੰ ਬੋਲੀ ਦਸਤਾਵੇਜ ਅਤੇ ਜਮਾਂ ਪੂਰੇ ਬੋਲੀ ਦਸਤਾਵੇਜ ਸਮੇਤ ਈਐਮਡੀ ਜਮਾਂ ਦਾ ਸਬੂਤ ਹਾਰਡ ਕਾਪੀ ਦੇ ਰੂਪ ਵਿੱਚ ਅਤੇ ਈ ਨਿਲਾਮੀ ਵੈਬਸਾਈਟ https://www.bankeauctions.com 'ਤੇ ਬੋਲੀ ਜਮਾਂ ਕਰਾਉਣ ਦੀ ਆਖਰੀ ਮਿਤੀ ਨੂੰ ਜਾਂ ਪਹਿਲਾਂ ਕਰਾਉਣ ਦੀ ਸਲਾਹ ਦਿੱਤੀ ਜਾਦੀ ਹੈ। ਬਿਨੈਕਾਰ ਕਿਸੇ ਤਰ੍ਹਾਂ ਦੀ ਸਹਾਇਤਾ ਲਈ ਮਿਸ ਪਾਰੁਲ ਗੋਇਲ (ਟੀਮ ਲਿਕੁਡੇਟਰ) ਨੂੰ ਈਮੇਲ : jp.saberpaperboards@gmail.com, ਫੋਨ : 011-45789408(0)/ + 91 9891501496 ਤੇ ਜਾਂ ਸ੍ਰੀ ਵਿਨੋਦ ਚੌਹਾਨ (ਟੀਮ ਈ ਨਿਲਾਮੀ ਏਜੰਸੀ) delhi@c1india.com ਫੋਨ : +91 9813887931 'ਤੇ ਸੰਪਰਕ ਕਰ ਸਕਦੇ ਹਨ।

ਵਿਕਰਮ ਬਜਾਜ
ਰਜਿ: ਨੰ IBBI/IPA-002/IP-N00003/2016-2017/10003
ਮਿਤੀ : 23/6/2022 ਲਿਕੁਡੇਟਰ, ਸਾਬੇਰ ਪੇਪਰ ਬੋਰਡਜ਼ ਪ੍ਰਾ. ਲਿਮ. (ਲਿਕੁਡੇਟਰ ਵਿਚ)
ਸਥਾਨ : ਦਿੱਲੀ ਈਮੇਲ : bajaj.vikram@gmail.com, Ph. 011-45789408(O)/9999989408(M)
ਦਫਤਰ : 308, ਪਰਲਜ਼ ਬਿਜਨਸ ਪਾਰਕ, ਨੇਤਾਜੀ ਸੁਭਾਸ਼ ਪਲੇਸ, ਪੀਤਮਪੁਰਾ, ਦਿੱਲੀ 110034

PSPCL ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ

Powering Punjab. Enriching Lives.

(ਰਜਿ. ਦਫ਼ਤਰ : ਪੀ.ਐਸ.ਈ.ਬੀ., ਹੈਡ ਆਫਿਸ, ਦੀ ਮਾਲ, ਪਟਿਆਲਾ-147001)
Corporate Identification No. : U40109PB2010SGC033813, Website : www.pspcl.in

ਪਬਲਿਕ ਨੋਟਿਸ

ਗਰਮੀ ਅਤੇ ਝੋਨੇ ਦੇ ਮੌਸਮ ਦੌਰਾਨ ਬਿਜਲੀ ਖਪਤਕਾਰਾਂ ਦੀ ਸਹੂਲਤ ਅਤੇ ਬਿਜਲੀ ਸਪਲਾਈ ਦੀ ਨਿਗਰਾਨੀ ਲਈ

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ

ਨੇ ਜੋਨਲ ਪੱਧਰ ਅਤੇ ਮੁੱਖ ਦਫ਼ਤਰ ਪਟਿਆਲਾ ਵਿਖੇ ਬਿਜਲੀ ਸਪਲਾਈ ਦੀ ਨਿਗਰਾਨੀ ਲਈ 24x7 ਕੰਟਰੋਲ ਰੂਮ ਸਥਾਪਿਤ ਕੀਤੇ ਹਨ।

ਬਿਜਲੀ ਦੀ ਸਪਲਾਈ ਅਤੇ ਬਿਜਲੀ ਬਿਲਾਂ ਸਬੰਧੀ ਸ਼ਿਕਾਇਤ ਦਰਜ ਕਰਨ ਲਈ

ਪੀ.ਐਸ.ਪੀ.ਸੀ.ਐਲ. ਮੋਬਾਇਲ ਐਪ
ਪੀਐਸਪੀਸੀਐਲ ਕੰਜ਼ਿਊਮਰ ਸਰਵਸਿਜ਼ ਮੋਬਾਇਲ ਐਪ
ਗੂਗਲ ਪਲੇ ਸਟੋਰ ਜਾਂ ਐਪਲ ਐਪ ਸਟੋਰ ਤੋਂ
ਇੰਸਟਾਲ/ਡਾਊਨਲੋਡ ਕੀਤੀ ਜਾ ਸਕਦੀ ਹੈ।
ਐਪ ਡਾਊਨਲੋਡ ਕਰਣ ਲਈ QR (ਕਿਯੂ.ਆਰ.) ਕੋਡ
ਸਕੈਨ ਕਰੋ ਅਤੇ ਇਕ ਵਾਰ ਰਜਿਸਟਰ ਕਰੋਂ

ਜਾਂ

1912 ਤੇ ਫ਼ੋਨ/ ਐਸ.ਐਮ.ਐਸ. ਬਿਜਲੀ ਨਹੀ ਕਰੋ

ਜਾਂ

ਟੋਲ ਫ੍ਰੀ ਨੰਬਰ : 1800-180-1512

ਤੇ ਮਿਸਡ ਕਾੱਲ ਰਾਂਹੀ ਵੀ ਕਰ ਸਕਦੇ ਹੋ

1) ਫੋਨ ਕਾਲਾਂ ਦੀਆਂ ਲਾਇਨਾਂ ਰੁੱਝੀਆਂ ਹੋਣ ਦੀ ਸਥਿਤੀ ਵਿੱਚ ਆਟੋਮੈਟਿਕ ਸ਼ਿਕਾਇਤ ਦਰਜ ਕਰਵਾਉਣ ਲਈ 1912 ਤੇ ਬਿਜਲੀ ਨਹੀ ਮੈਸੇਜ ਕਰੋ।
2) ਆਪਣੇ ਇਲਾਕੇ ਦੀ ਬਿਜਲੀ ਸਪਲਾਈ ਸਬੰਧੀ ਸ਼ਿਕਾਇਤ ਦਰਜ ਕਰਣ ਅਤੇ ਸ਼ਿਕਾਇਤ ਦੀ ਸਥਿਤੀ ਦੀ ਜਾਣਕਾਰੀ ਲੈਣ ਲਈ ਪੀਐਸਪੀਸੀਐਲ ਦੀ ਮੋਬਾਇਲ ਐਪ (PSPCL APP) ਦੀ ਵਰਤੋ ਕਰੋ।
3) ਜੇਕਰ ਤੁਸੀਂ ਆਪਣੀ ਸ਼ਿਕਾਇਤ ਦੇ ਨਿਪਟਾਰੇ ਤੋਂ ਸੰਤੁਸ਼ਟ ਨਹੀਂ ਤਾਂ ਆਪਣੀ ਟਿੱਪਣੀ ਪੀ.ਐਸ.ਪੀ.ਸੀ.ਐਲ ਦੀ ਮੋਬਾਈਲ ਐਪ ਰਾਹੀਂ ਜਾਂ 1912 ਤੇ ਮੈਸੇਜ (ਐਸ ਐਮ ਐਸ) ਕਰ ਸਕਦੇ ਹੋ।
4) ਖਪਤਕਾਰ ਹੇਠ ਲਿਖੇ ਅਨੁਸਾਰ ਕੰਟਰੋਲ ਰੂਮ ਵਿਖੇ ਵੀ ਸੰਪਰਕ ਕਰ ਸਕਦੇ ਹਨ :

ਲੜੀ ਨੰ:	ਸੰਚਾਲਨ ਜੋਨ	ਮੋਬਾਇਲ ਨੰਬਰ	ਲੈਂਡਲਾਇਨ/ਮੋਬਾਇਲ ਨੰਬਰ
1.	ਮੁੱਖ ਇੰਜੀਨੀਅਰ ਦੱਖਣ ਜੋਨ (ਪਟਿਆਲਾ, ਸੰਗਰੂਰ, ਬਰਨਾਲਾ, ਰੋਪੜ, ਮੋਹਾਲੀ)	96461-48833	96461-46400
2.	ਮੁੱਖ ਇੰਜੀਨੀਅਰ ਸੈਂਟਰਲ ਜੋਨ (ਲੁਧਿਆਣਾ, ਖੰਨਾ, ਫਤਿਹਗੜ੍ਹ ਸਾਹਿਬ)	96461-22070	96461-81129
3.	ਮੁੱਖ ਇੰਜੀਨੀਅਰ ਉੱਤਰ ਜੋਨ (ਜਲੰਧਰ, ਨਵਾਂਸ਼ਹਿਰ, ਕਪੂਰਥਲਾ, ਹੁਸ਼ਿਆਰਪੁਰ)	96461-16679 96461-14414	0181-2220924
4.	ਮੁੱਖ ਇੰਜੀਨੀਅਰ ਪੱਛਮ ਜੋਨ (ਬਠਿੰਡਾ, ਫਰੀਦਕੋਟ, ਮੁਕਤਸਰ, ਫ਼ਿਰੋਜਪੁਰ, ਮੋਗਾ ਮਾਨਸਾ, ਫਾਜ਼ਿਲਕਾ)	96461-85267	96466-96300
5.	ਮੁੱਖ ਇੰਜੀਨੀਅਰ ਬਾਰਡਰ ਜੋਨ (ਅੰਮ੍ਰਿਤਸਰ, ਤਰਨ-ਤਾਰਨ, ਗੁਰਦਾਸਪੁਰ, ਪਠਾਨਕੋਟ)	96461-82959	0183-2212425
6.	ਮੁੱਖ ਦਫਤਰ (ਪੀਐਸਪੀਸੀਐਲ, ਪਟਿਆਲਾ)	96461-06835	96461-06836

1. ਖਪਤਕਾਰ ਸੇਵਾ ਕੇਂਦਰ ਦਾ ਈ-ਮੇਲ ਪਤਾ	:	1912@pspcl.in
2. ਫੇਸਬੁਕ	:	fb.com/pspclpb
3. ਟਵਿਟਰ	:	twitter.com/pspclpb
4. ਵਟਸਐਪ	:	96461 06835
5. ਮੋਬਾਈਲ ਐਪ	:	PSPCL Consumer Services/PSPCL ਬਿਜਲੀ ਸੇਵਾ (ਗੁਗਲ ਐਂਡਰਾਈਡ/ਐਪਲ ਐਪ ਸਟੋਰ ਅਤੇ ਮੋਬਾਇਲ ਸੇਵਾ ਐਪ ਸਟੋਰ ਤੇ ਉਪਲਬੱਧ)